# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **5.2.2021**

# ਦੀ ਕਾਰਵਾਈ

(ਮਤਾ ਨੰ: **37-51**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 5.2.2021 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ, ਜਲੰਧਰ ਵਿਖੇ, ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................. ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ................. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ................ ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ................ ਮੈਂਬਰ
5. ਸ਼੍ਰੀ ਗਿਆਨ ਚੰਦ, ਕੌਂਸਲਰ .......................................... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ............... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.2.2021

**ਮਤਾ ਨੰਬਰ:-** 37

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 8.1.2021 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 8.1.2021 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ:

- ਮਿਤੀ 8.1.2021 ਨੂੰ ਹੋਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਦੀ ਮੱਦ ਨੰ: 21 ਲੰਬਿਤ ਰੱਖੀ ਗਈ ਸੀ ਅਤੇ ਫੈਸਲਾ ਹੋਇਆ ਸੀ ਕਿ ਕਿਉਂ ਜ਼ੋ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ, ਸ੍ਰੀ ਬਲਰਾਜ ਠਾਕੁਰ, ਕੌਂਸਲਰ ਅਤੇ ਕੁਝ ਹੋਰ ਕੌਂਸਲਰਾਂ ਵਲੋਂ ਇਹਨਾਂ ਕੰਮਾਂ ਸਬੰਧੀ ਇਤਰਾਜ਼ ਕੀਤਾ ਜਾ ਰਿਹਾ ਹੈ, ਇਸ ਲਈ ਹਾਲ ਦੀ ਘੜੀ ਇਹ ਮੱਦ ਲੰਬਤ ਰੱਖੀ ਜਾਂਦੀ ਹੈ। ਪਹਿਲਾਂ ਇਸ ਸਬੰਧੀ ਕੌਂਸਲਰਾਂ ਨੂੰ ਵਿਸ਼ਵਾਸ ਵਿੱਚ ਲਿਆ ਜਾਵੇ ਫਿਰ ਇਸ ਬਾਰੇ ਕੋਈ ਫੈਸਲਾ ਲਿਆ ਜਾਵੇਗਾ।ਇਸ ਮੱਦ ਸਬੰਧੀ ਮੇਅਰ ਜੀ ਨੇ ਆਪਣੇ ਨੋਟ ਮਿਤੀ 4.1.2021 ਰਾਹੀਂ ਲਿਖਿਆ ਹੈ ਕਿ I have gone through these files and come to the conclusion that the tenders were floated in the month of Feburary, 2020 but the same have been put up before the F&CC in the month of December 2020. You are well aware as per the tender condition these rates valid for 120 days and the contractor may deny to execute these works and Corporation is likely to borne financial loss in near future. So reason for delay be put up before the undersigned within three days.

  ਇਸ ਉਪਰੰਤ ਅੱਜ ਦੀ ਮੀਟਿੰਗ ਵਿੱਚ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 21 ਮਿਤੀ 8.1.2021 ਜਿਸਨੂੰ ਲੰਬਿਤ ਰੱਖਿਆ ਗਿਆ ਸੀ ਦੇ ਟੈਂਡਰ ਪ੍ਰਵਾਨ ਕਰਨ ਦੀ ਮੰਜ਼ੂਰੀ ਦਿੱਤੀ ਜਾਂਦੀ ਹੈ। ਜਿੱਥੋਂ ਤੱਕ ਮਿਸਲ ਨੂੰ ਪ੍ਰੋਸੈਸਿੰਗ ਵਿੱਚ ਲਿਆਉਣ ਲਈ ਜਿਹੜੀ ਦੇਰੀ ਹੋਈ ਹੈ, ਉਸ ਸਬੰਧੀ ਐਸ.ਈ.(ਬੀ ਐਂਡ ਆਰ) ਲਿਖ ਕੇ ਜਵਾਬ ਦੇਣਗੇ। ਇਹ ਵੀ ਫੈਸਲਾ ਹੋਇਆ ਕਿ ਸ਼ਹਿਰ ਅੰਦਰ ਬਣ ਰਹੇ ਐਮ.ਆਰ.ਐਫ. ਪਿਟਸ ਤੇ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਮੈਂਬਰ ਸਬੰਧਤ ਅਧਿਕਾਰੀਆਂ ਨਾਲ ਮੌਕਾ ਵੇਖਣਗੇ ਅਤੇ ਕਮੇਟੀ ਨੂੰ ਰਿਪੋਰਟ ਕਰਨਗੇ।

- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.2.2021

**ਮਤਾ ਨੰਬਰ:- 38**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 11.1.2021 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 11.1.2021 ਨੂੰ ਹੋਈ ਦੀ ਕਾਰਵਾਈ ਮੀਟਿੰਗ ਤੋਂ ਪਹਿਲਾਂ ਹੀ ਸਬੰਧਤ ਕੌਂਸਲਰ/ਮੈਂਬਰ ਸਾਹਿਬਾਨਾਂ ਨੂੰ ਭੇਜ਼ੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ ਜੀ।

ਫੈਸਲਾ:

- ਮਿਤੀ 11.1.2021 ਨੂੰ ਹੋਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਦੀ ਮੱਦ ਨੰ: 26 ਦੇ ਟੈਂਡਰ ਨੂੰ ਪ੍ਰਵਾਨ ਕੀਤਾ ਗਿਆ ਸੀ ਪਰ ਇਸ ਟੈਂਡਰ ਮਿਸਲ ਨੂੰ ਮਿਤੀ 22.10.2020 ਤੋਂ ਬਾਅਦ ਮਿਤੀ 20.11.2020 ਤੱਕ ਲੰਬਿਤ ਰੱਖੇ ਜਾਣ ਸਬੰਧੀ ਸਪਸ਼ਟੀਕਰਨ ਐਸ.ਈ.(ਬੀ ਐਂਡ ਆਰ) ਅਗਲੀ ਮੀਟਿੰਗ ਵਿੱਚ ਦੇਣਗੇ ।
- ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.2.2021

**ਮਤਾ ਨੰ: 39**

ਵਿਸ਼ਾ :- ਪੀ/ਐਲ ਆਫ ਸੀਸੀ ਐਮ-30 ਇਨ ਦਾ ਸਟਰੀਟਸ ਆਫ ਨਿਵਾਨ ਸੂਰਾਜ ਗੰਜ ਵਾਰਡ ਨੰ: 49 ਦੇ ਕੰਮ ਵਿੱਚ 25% ਵਾਧਾ ਕਰਨ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਕਿ ਵਿਸ਼ੇ ਅਧੀਨ ਕੰਮ ਨੂੰ 25% ਰਿਵਾਇਜ ਕਰਨ ਲਈ ਮਾਨਯੋਗ ਮੇਅਰ ਸਾਹਿਬ ਜੀ ਦੇ ਜੁਬਾਨੀ ਹੁਕਮ ਹੋਏ ਹਨ। ਉਪਰੋਕਤ ਕੰਮ ਨੂੰ ਰਿਵਾਇਜ਼ ਕਰਕੇ ਮਿਸ਼ਨ ਕੰਪੋਡ ਅਤੇ ਟੈਗੋਰ ਨਗਰ ਦੀਆਂ ਗਲੀਆਂ ਨੂੰ ਬਣਾਇਆ ਜਾਣਾ ਹੈ। ਇਨ੍ਹਾਂ ਗਲੀਆਂ ਦਾ ਨਕਸ਼ਾ ਫਾਇਲ ਵਿਚ ਹੈ। ਉਪਰੋਕਤ ਕੰਮ ਦਾ ਵਰਕ ਆਰਡਰ ਸ਼੍ਰੀ ਰਿਸ਼ੀ ਬੇਰੀ, ਠੇਕੇਦਾਰ ਨੂੰ ਪੱਤਰ ਨੰਬਰ 18/ਸੀ.ਈ/ਬੀ.ਐਂਡ.ਆਰ/ਸੈਟਰਲ ਮਿਤੀ : 18-11-2019 ਰਾਹੀਂ ਦਿੱਤਾ ਗਿਆ ਸੀ। ਉਕਤ ਕੰਮ ਦਾ ਤਖਮੀਨਾ ਰੁਪਏ 46.28 ਲੱਖ ਤਿਆਰ ਕੀਤਾ ਗਿਆ ਸੀ। ਹੁਣ ਇਹ ਤਖਮੀਨਾ 25% ਰੀਵਾਇਜ਼ ਹੋਣ ਤੋਂ ਬਾਅਦ ਰੁਪਏ 57.85 ਲੱਖ ਦਾ ਹੋ ਗਿਆ ਹੈ। ਰੀਵਾਇਜ਼ ਤਖਮੀਨਾਂ ਇਸ ਫਾਇਲ ਵਿਚ ਨੱਥੀ ਕੀਤਾ ਗਿਆ ਹੈ। ਇਸ ਲਈ ਉਕਤ ਕੰਮ ਨੂੰ 25% ਵਧਾਉਣ ਲਈ ਪ੍ਰਵਾਨਗੀ ਹਿੱਤ ਰਿਪੋਰਟ ਭੇਜੀ ਹੈ।ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 12.1.2021 ਰਾਹੀਂ ਕੰਮ ਵਿਚ ਵਾਧਾ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਪ੍ਰਵਾਨਗੀ ਹਿਤ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 18.1.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.1.2021 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.2.2021

**ਮਤਾ ਨੰ: 40**

ਵਿਸ਼ਾ: P/L of CC on Central streets of Santoshi Nagar in Ward No. 56 (ਐਮ.ਸੀ. ਫੰਡਜ਼) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 20.97 ਲੱਖ ਟੈਂਡਰ ਅਮਾਉਂਟ ਰੁ: 20.55 ਲੱਖ ਸੇਵਿੰਗ: 2.00%
ਫਰਮ ਦਾ ਨਾਂ:- ਜਸਵਿੰਦਰਜੀਤ ਸਿੰਘ
ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 100(92) ਮਿਤੀ 25.6.2018 ਰਾਹੀਂ ਦਿੱਤੀ । ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 15.1.2021 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 19.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.1.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.2.2021

ਮਤਾ ਨੰ: 41

ਵਿਸ਼ਾ: P/F bench, Children Games and Physical Games in Basant Wala Park, Chuppati Park, MGN School Opp. Park, W.No. 48 (ਐਮ.ਸੀ. ਫੰਡਜ਼) (ਟੈਂਡਰ ਪ੍ਰਵਾਨਗੀ ਸਬੰਧੀ)

ਤਖਮੀਨਾ: 23.45 ਲੱਖ ਟੈਂਡਰ ਅਮਾਉਂਟ ਰੁ: 23.22 ਲੱਖ ਸੇਵਿੰਗ: 1.00%
ਫਰਮ ਦਾ ਨਾਂ:- ਸੁਰਜੀਤ ਸਿੰਘ ਨਾਗੀ
ਟੈਂਡਰ ਕਾਲ ਕੀਤੇ:- ਦੂਜੀ ਵਾਰੀ। ਪ੍ਰਾਪਤ ਹੋਏ ਟੈਂਡਰ:- 01

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੇ ਮਤਾ ਨੰ: 83(48) ਮਿਤੀ 29.11.2019 ਰਾਹੀਂ ਦਿੱਤੀ । ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 22.6.2020 ਰਾਹੀਂ ਅਪਣੀ ਸਹਿਮਤੀ ਦਿੱਤੀ ਹੈ। ਕਮਿਸ਼ਨਰ ਜੀ ਨੇ ਮਿਤੀ 19.7.2020 ਰਾਹੀਂ ਲਿਖਿਆ ਕਿ Please check the feasibility of including this park in Smart City. ਜਿਸ ਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 22.9.2020 ਰਾਹੀਂ ਲਿਖਿਆ ਹੈ ਕਿ ਕਿ As list sent by T.L. of ICT, this park not fall under list of parks for Green Space departments (Phase 3). So forwarded for approval of this estimate. ਕਮਿਸ਼ਨਰ ਜੀ ਨੇ ਮਿਤੀ 28.9.2020 ਰਾਹੀਂ ਲਿਖਿਆ ਹੈ ਕਿ List has still not finalized. Pl. add it in Smart City Green Area Development.

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.2.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.2.2021

ਮਤਾ ਨੰ: 42

ਵਿਸ਼ਾ:- Desilting of Sewer Line with Super Suction Machine in different area falling in different wards in Central Constituency Zone No. 5 ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ।

ਤਖਮੀਨਾਂ ਰੁਪਏ 14,00,000/- ਟੈਂਡਰ ਅਮਾਉਂਟ ਰੁਪਏ 11,48,000/- ਸੇਵਿੰਗ 18%
ਅਜੰਸੀ ਦਾ ਨਾਮ: M/s HP Co-op L/c Society, Malout

ਉਪਰੋਕਤ ਵਿਸ਼ੇ ਅਧੀਨ ਕੰਮ ਕਰਵਾਉਣ ਵਾਸਤੇ ਤਖਮੀਨਾ ਰੁਪਏ 14,00,000/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 95(7) ਮਿਤੀ 29-11-2019 ਦਿੱਤੀ ਗਈ ਸੀ। ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 18-09-2019 ਅਤੇ ਦੂਸਰੀ ਬਾਰੀ ਮਿਤੀ 24-10-2019 ਲਈ ਮੰਗੇ ਗਏ ਸਨ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 29-01-2020 ਲਈ ਮੰਗੇ ਗਏ ਤੇ ਸਿਰਫ ਇੱਕ ਟੈਂਡਰ ਉਕਤ ਸੁਸਾਇਟੀ ਦਾ ਪ੍ਰਾਪਤ ਹੋਇਆ ਜੋ ਕਿ ਤਕਨੀਕੀ ਮਿਆਰ ਪਖੋਂ ਪੂਰਾ ਸੀ, ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈਆ, ਜਿਸ ਅਨੁਸਾਰ ਠੇਕੇਦਾਰ ਵਲੋਂ ਵਿਸ਼ੇ ਅਧੀਨ ਕੰਮ 18% ਦੀ ਸੇਵਿੰਗ ਨਾਲ ਤਖਮੀਨਾ ਰੁਪਏ 14,00,000/- ਦੀ ਵਿਰੁੱਧ ਰੁਪਏ 11,48,000/- ਵਿੱਚ ਕੀਤਾ ਜਾਣਾ ਹੈ। ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 42 ਮਿਤੀ 13-02-2020 ਰਾਹੀਂ ਦਿੱਤੀ ਗਈ।

ਇਸ ਉਪਰੰਤ ਸੁਸਾਇਟੀ ਨੂੰ ਪੱਤਰ ਨੰਬਰ ਸੀ.ਈ/196 ਮਿਤੀ 02-03-2020 ਰਾਹੀਂ ਵਰਕ ਆਰਡਰ ਜਾਰੀ ਕਰਕੇ ਇਕਰਾਰਨਾਮਾ ਕੀਤਾ ਗਿਆ ਅਤੇ ਕੰਮ ਨੂੰ ਮੁਕੰਮਲ ਕਰਨ ਵਾਸਤੇ 3 ਮਹੀਨੇ ਦਾ ਸਮਾਂ ਦਿੱਤਾ ਗਿਆ। ਠੇਕੇਦਾਰ ਵਲੋਂ ਮੌਕੇ ਤੇ ਕੰਮ ਸ਼ੁਰੂ ਕਰਕੇ ਤਕਰੀਬਨ 85% ਕੰਮ ਕਰਨ ਉਪਰੰਤ ਆਪਣੇ ਪਹਿਲੇ ਚਲੱਤ ਬਿਲ ਦੀ ਅਦਾਇਗੀ ਲੈ ਲਈ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਸ਼੍ਰੀ ਰਜਿੰਦਰ ਬੇਰੀ, ਵਿਧਾਇਕ (ਜਲੰਧਰ ਸੈਂਟਰਲ) ਜੀ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਹੈ ਕਿ ਉਨ੍ਹਾਂ ਦੇ ਹਲਕੇ ਅਧੀਨ ਆਉਂਦੇ ਜ਼ੋਨ ਨੰਬਰ 5 ਦੇ ਕੁੱਝ ਹੋਰ ਇਲਾਕਿਆਂ ਵਿੱਚ ਵੀ ਸੀਵਰੇਜ਼ ਦੀ ਕਾਫੀ ਜਿਆਦਾ ਸਮਸਿਆ ਹੈ, ਜਿਸ ਨਾਲ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਉਪਰੋਕਤ ਚੱਲ ਰਹੇ ਕੰਮ ਦੇ ਤਖਮੀਨੇ ਵਿਚੋਂ ਬਾਕੀ ਰਹਿੰਦੇ ਇਲਾਕਿਆਂ ਵਿੱਚ ਵੀ ਸੀਵਰੇਜ਼ ਲਾਈਨਾਂ ਦੀ ਸਫਾਈ ਦਾ ਕੰਮ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਕਰਵਾਇਆ ਜਾਵੇ ਤਾਂ ਜ਼ੋ ਲੋਕਾਂ ਨੂੰ ਸੀਵਰੇਜ਼ ਸਬੰਧੀ ਆ ਰਹੀ ਸਮਸਿਆ ਤੋਂ ਨਿਜਾਤ ਮਿਲ ਸਕੇ। ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਸੀਵਰੇਜ਼ ਦੀ ਸਫਾਈ ਦਾ ਕੰਮ ਕਰਵਾਉਣਾ ਅਤਿ ਜਰੂਰੀ ਹੈ, ਇਸ ਲਈ ਮਾਨਯੋਗ ਵਿਧਾਇਕ ਜੀ ਦੇ ਹੁਕਮਾਂ ਅਨੁਸਾਰ ਜ਼ੋਨ ਨੰਬਰ 5 ਦੇ ਬਾਰੀ ਰਹਿੰਦੇ ਕੁੱਝ ਇਲਾਕਿਆਂ ਵਿੱਚ ਵੀ ਸੀਵਰੇਜ਼ ਲਾਈਨਾਂ ਦੀ ਸਫਾਈ ਦਾ ਕੰਮ ਕਰਵਾਉਣ ਲਈ ਵਿਸ਼ੇ ਅਧੀਨ ਕੰਮ ਦੇ ਪ੍ਰਵਾਨ ਹੋਏ ਤਖਮੀਨੇ ਵਿੱਚ 25% ਵਾਧਾ ਕਰਨ ਲਈ ਕੇਸ ਵਿੱਤ ਅਤੇ ਠੇਕਾ ਕੇਮਟੀ ਦੀ ਪ੍ਰਵਾਨਗੀ ਦੇਣ ਲਈ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ। ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ) ਅਤੇ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਤਜ਼ਵੀਜ਼ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 6.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 27.1.2021 ਨਾਲ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.2.2021

ਮਤਾ ਨੰ: 43

ਵਿਸ਼ਾ:- ਡੀ-ਸਿਲਟਿੰਗ ਆਫ ਸੀਵਰ ਲਾਈਨ ਵਿਦ ਸੁਪਰ ਸਕਸ਼ਨ ਮਸ਼ੀਨਜ ਫਰਾਮ ਚੋਗਿਟੀ ਚੌਂਕ ਟੂ ਨੰਗਲ ਸ਼ਾਮਾ ਚੌਂਕ ਦੇ ਤਖਮੀਨੇ ਵਿੱਚ 25% ਵਾਧਾ ਕਰਨ ਬਾਰੇ। (ਜ਼ੋਨ ਨੰਬਰ 5-ਏ)

| | |
|---|---|
| ਤਖਮੀਨਾਂ ਰੁਪਏ | 38,28,600/- (ਸਮੇਤ ਜੀ.ਐਸ.ਟੀ ਜੇਕਰ ਇਸ ਕੰਮ ਤੇ ਐਪਲੀਕੇਵਲ ਹੋਵਗਾ ਤਾਂ) |
| ਅਜੰਸੀ ਦਾ ਨਾਮ | M/s APESPL-IBA JV, (Aryan Pumps Enviro Solution Pvt. Ltd- Inderjit Bajaj & Associates JV) Pune |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਤੇ ਕੰਮ ਕਰਵਾਉਣ ਲਈ ਤਖਮੀਨਾ ਰੁਪਏ 38,28,600/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 101(1) ਮਿਤੀ 29-11-2019 ਰਾਹੀਂ ਦਿੱਤੀ ਗਈ ਸੀ। ਇਸ ਮਤੇ ਦੀ ਅੰਤਿਮ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਆਪਣੇ ਪੱਤਰ ਨੰਬਰ 9305 ਮਿਤੀ 18-02-2020 ਰਾਹੀਂ ਦਿੱਤੀ ਗਈ ਸੀ।

ਸੀਵਰੇਜ਼ ਬੋਰਡ ਨੇ ਆਪਣੇ ਪਿੱਠ ਅੰਕਣ ਨੰਬਰ 3351 ਮਿਤੀ 17-10-2017 ਰਾਹੀਂ ਨਗਰ ਨਿਗਮ ਜਲੰਧਰ ਨੂੰ ਦੱਸਿਆ ਕਿ ਸਥਾਨਕ ਸਰਕਾਰ ਦੀ ਪੱਧਰ ਤੇ M/s APESPL-IBA JV, (Aryan Pumps Enviro Solution Pvt. Ltd- Inderjit Bajaj & Associates JV) Pune ਨਾਲ ਸੁਪਰ ਸਕਰ ਮਸ਼ੀਨਾਂ ਰਾਹੀਂ ਸੀ.ਸੀ.ਟੀ.ਵੀ ਕੈਮਰੇ ਦੀ ਮੱਦਦ ਨਾਲ ਸ਼ਹਿਰ ਦੇ ਵੱਖ-ਵੱਖ ਸੀਵਰਾਂ ਦੀ ਡੀ-ਸਿਲਟਿੰਗ ਕਰਵਾਉਣ ਲਈ ਰੇਟ ਕੰਟਰੈਕਟ ਕੀਤਾ ਗਿਆ ਹੈ। ਇਸ ਪੱਤਰ ਦੇ ਲੜੀ ਨੰਬਰ 10 ਤੇ ਸਪਸ਼ਟ ਕੀਤਾ ਗਿਆ ਹੈ ਕਿ (You will be given first preference at the time of award of the job till you shown inability after you capacity is exhausted)

ਸਥਾਨਕ ਸਰਕਾਰ ਵਲੋਂ ਪ੍ਰਵਾਨਿਤ ਕੀਤੇ ਗਏ ਰੇਟ ਕੰਟਰੈਕਟ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਕੰਮ M/s APESPL-IBA JV, (Aryan Pumps Enviro Solution Pvt. Ltd- Inderjit Bajaj & Associates JV) Pune ਤੋਂ ਕਰਵਾਉਣ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਲਈ ਭੇਜੀ ਗਈ। ਵਿੱਤ ਅਤੇ ਠੇਕਾ ਕਮੇਟੀ ਵਲੋਂ ਮਤਾ ਨੰਬਰ 41 ਮਿਤੀ 13-02-2020 ਰਾਹੀਂ ਪ੍ਰਵਾਨਗੀ ਦਿੱਤੀ ਗਈ।

ਇਸ ਉਪਰੰਤ ਅਜੰਸੀ ਨੂੰ ਵਰਕ ਆਰਡਰ ਨੰਬਰ ਸੀ.ਈ/ਏ.ਆਰ.ਸੀ/229 ਮਿਤੀ 18-06-2020 ਜਾਰੀ ਕੀਤਾ ਗਿਆ ਤੇ ਕੰਮ ਨੂੰ ਪੂਰਾ ਕਰਨ ਲਈ 4 ਮਹੀਨੇ ਦਾ ਸਮਾਂ ਦਿੱਤਾ ਗਿਆ। ਅਜੰਸੀ ਵਲੋਂ ਮੌਕੇ ਤੇ ਕੰਮ ਸ਼ੁਰੂ ਕਰਕੇ ਤਕਰੀਬਨ 90% ਕੰਮ ਕਰ ਦਿੱਤਾ ਗਿਆ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਸ਼੍ਰੀ ਰਜਿੰਦਰ ਬੇਰੀ ਵਿਧਾਇਕ, ਜਲੰਧਰ ਸੈਂਟਰਲ ਜੀ ਵਲੋਂ ਆਪਣੇ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਉਨ੍ਹਾਂ ਦੇ ਹਲਕੇ ਅਧੀਨ ਆਉਂਦੇ ਨੰਗਲ ਸ਼ਾਮਾ ਚੌਂਕ ਤੋਂ ਖਹਿਰਾ ਫਿਲਿੰਗ ਸਟੇਸ਼ਨ ਤੱਕ ਮੇਨ ਸੀਵਰ ਲਾਈਨ ਦੀ ਸਫਾਈ ਦਾ ਕੰਮ ਕਰਵਾਉਣਾ ਅਤਿ ਜਰੂਰੀ ਹੈ ਤਾਂ ਜ਼ੋ ਇਲਾਕੇ ਵਿੱਚ ਆ ਰਹੀ ਸੀਵਰੇਜ਼ ਓਵਰ ਫਲੋ ਦੀ ਸਮਸਿਆ ਤੋਂ ਲੋਕਾਂ ਨੂੰ ਰਾਹਤ ਮਿਲ ਸਕੇ। ਕਿਉਂ ਜ਼ੋ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਸੀਵਰੇਜ਼ ਦੀ ਸਫਾਈ ਦਾ ਕੰਮ ਕਰਵਾਉਣਾ ਅਤਿ ਜਰੂਰੀ ਹੈ, ਇਸ ਲਈ ਮਾਨਯੋਗ ਵਿਧਾਇਕ ਜੀ ਦੇ ਹੁਕਮਾਂ ਅਨੁਸਾਰ ਇਹ ਕੰਮ ਕਰਵਾਉਣ ਲਈ ਵਿਸ਼ੇ ਅਧੀਨ ਕੰਮ ਦੇ ਤਖਮੀਨੇ ਵਿੱਚ 25% ਵਾਧਾ ਕਰਨ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸਿਫਾਰਸ਼ ਕੀਤੀ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਵਿਸ਼ੇ ਅਧੀਨ ਕੰਮ ਕਰਵਾਉਣ ਲਈ ਤਖਮੀਨੇ ਵਿਚ 25% ਦਾ ਵਾਧਾ ਕਰਨ ਲਈ ਤਜਵੀਜ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਜਾਵੇ। ਕਮਿਸ਼ਨਰ ਜੀ ਨੇ ਮਿਤੀ 27.1.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 27.1.2021 ਨੂੰ ਵਿਸ਼ੇ ਅਧੀਨ ਕੰਮ ਕਰਵਾਉਣ ਲਈ 25% ਵਾਧੇ ਦੀ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ।

ਤਜਵੀਜ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.2.2021

ਮਤਾ ਨੰ: 44
ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਵਾਰਡਾਂ ਵਿੱਚ ਸੀਵਰੇਜ਼ ਦੇ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ ਕਿ ਓ.ਐਂਡ.ਐਮ ਸ਼ਾਖਾ ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕੀਆਂ ਨਾਲ ਸਬੰਧਤ ਸੀਵਰੇਜ਼ ਅਤੇ ਵਾਟਰ ਸਪਲਾਈ ਦੇ ਤਖਮੀਨੇ ਇਲਾਕਾ ਕੌਂਸਲਰ ਵੱਲੋਂ ਅਪਣੇ ਵੱਖ-ਵੱਖ ਪੱਤਰਾਂ ਰਾਹੀਂ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਉਹਨਾ ਦੇ ਵਾਰਡਾਂ ਵਿੱਚ ਸੀਵਰੇਜ਼ ਅਤੇ ਵਾਟਰ ਸਪਲਾਈ ਦੀ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ, ਜਿਸ ਕਾਰਨ ਉਥੇ ਦੇ ਵਸਨੀਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਨਾ ਕਰਨਾ ਪੈ ਰਿਹਾ ਹੈ। ਇਸ ਸਮਸਿਆ ਤੋ ਇਲਾਕਾ ਨਿਵਾਸੀਆਂ ਨੂੰ ਰਾਹਤ ਦੇਣ ਵਾਸਤੇ ਹੇਠ ਦਰਸ਼ਾਏ ਵਾਰਡਾਂ ਦੇ ਤਖਮੀਨਿਆਂ ਨੂੰ ਤਿਆਰ ਕਰਨ ਉਪਰੰਤ ਹਾਊਸ ਤੋਂ ਪ੍ਰਵਾਨਗੀ ਹੇਠ ਦਰਸ਼ਾਏ ਟੇਬਲ ਅਨੁਸਾਰ ਦਿੱਤੀ ਗਈ ਹੈ।

ਇਹਨਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 03.12.2020 ਅਤੇ ਠੇਕੇਦਾਰਾ ਤੋ ਮਿਤੀ 14.12.2020 ਲਈ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 06.01.21 ਲਈ ਮੰਗੇ ਗਏ, ਪਰੰਤੂ ਕਿਸੇ ਸੁਸਾਈਟੀ ਵੱਲੋਂ ਹਿੱਸਾ ਨਹੀ ਲਿਆ ਗਿਆ। ਮੁੜ ਤੋ ਇਸ ਕੰਮ ਦੇ ਟੈਂਡਰ ਠੇਕੇਦਾਰਾਂ ਤੋ ਮਿਤੀ 19.1.2021 ਰਾਹੀਂ ਮੰਗੇ ਗਏ, ਪ੍ਰਾਪਤ ਹੋਏ ਟੈਂਡਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੋ ਕਿ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ **ਤੁਲਨਾਤਮਕ ਸੂਚੀ ਬਣਾਉਣ ਤੇ ਵੱਖ-ਵੱਖ ਅਜੰਸੀਆਂ ਵੱਲੋਂ ਹਿੱਸਾ ਲਿਆ ਗਿਆ ਅਤੇ ਉਹਨਾ ਵੱਲੋਂ ਕੋਟ ਕੀਤੇ ਗਏ ਰੇਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ**:-

| S. No. | Ward No | Name of works | Revised Est.Amt | Name of Agency | Saving | Tender Amount | New H/Reso dt 01.12.2020 | Attempt | No. of Bid Received |
|---|---|---|---|---|---|---|---|---|---|
| 1 | 66 | Providing and Laying of 2 inch dia GI Pipe in various streets falling under zone 1 | 188883/- | M/s Swaran Singh Contractor | 1.01% | 186975/- | 97(4) DT 29.11.2019 | 2 | 1 |
| 2 | 19 | Laying of Storm Water sewer line in central Town nr Manmohan Kalia Park | 1959438/- | M/s Jatin Sharma | 1.01% | 1939647/- | 97(12) DT 29.11.2019 | 2 | 1 |
| 3 | 20 | Replacement of Sewerline at civil Lines nr Patel Hospital | 752550/- | M/s Jeet Enterprises | 6.06% | 706945/- | 86(4)dt 01.12.2020 | 2 | 3 |
| 4 | 63 | Providing and Laying of 10 inch dia Sewerline in Ekam Hospital wali gali Gujja peer (Anti) | 476935/- | M/s Dinesh Kumar Contractor | 5.84% | 449082/- | 86(30) dt 01.12.2020 | 2 | 3 |
| 5 | G | Annual Estimate for Repair and maintenance of water Supply and Sewer System in 11 Villages of Cantt Constituency falling in MCJ | 350000/- | M/s M.S Construction | 2.57% | 341005/- | 86(33)dt 01.12.2020 | 2 | 1 |

ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਇਸ ਲਈ ਉਪਰੋਕਤ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 29.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.2.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.2.2021

ਮਤਾ ਨੰ: 45

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਵਾਰਡਾਂ ਵਿੱਚ ਸੀਵਰੇਜ਼ ਦੇ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ ਕਿ ਓ.ਐਂਡ.ਐਮ ਸ਼ਾਖਾ ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕੀਆਂ ਨਾਲ ਸਬੰਧਤ ਸੀਵਰੇਜ਼ ਦੇ ਤਖਮੀਨੇ ਇਲਾਕਾ ਕੌਂਸਲਰ ਵੱਲੋਂ ਅਪਣੇ ਵੱਖ-ਵੱਖ ਪੱਤਰਾਂ ਰਾਹੀਂ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਉਹਨਾ ਦੇ ਵਾਰਡਾਂ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮਸਿਆ ਆ ਰਹੀ ਹੈ, ਜਿਸ ਕਾਰਨ ਉਥੇ ਦੇ ਵਸਨੀਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਨਾ ਕਰਨਾ ਪੈ ਰਿਹਾ ਹੈ। ਇਸ ਸਮਸਿਆ ਤੋ ਇਲਾਕਾ ਨਿਵਾਸੀਆਂ ਨੂੰ ਰਾਹਤ ਦੇਣ ਵਾਸਤੇ ਹੇਠ ਦਰਸ਼ਾਏ ਵਾਰਡਾਂ ਦੇ ਤਖਮੀਨਿਆਂ ਨੂੰ ਤਿਆਰ ਕਰਨ ਉਪਰੰਤ ਹਾਊਸ ਤੋ ਪ੍ਰਵਾਨਗੀ ਲਈ ਗਈ ਸੀ, ਪਰੰਤੂ ਇਥੇ ਇਹ ਦਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਹਨਾਂ ਤਖਮੀਨੀਆਂ ਨੂੰ ਰਿਵਾਇਜ਼ ਕੀਤਾ ਗਿਆ ਸੀ ਅਤੇ ਇਹਨਾਂ ਤਖਮੀਨਿਆਂ ਦੀ ਮੁੜ ਪ੍ਰਵਾਨਗੀ ਹੇਠ ਦਰਸ਼ਾਏ ਟੇਬਲ ਅਨੁਸਾਰ ਦਿੱਤੀ ਗਈ ਹੈ।

ਇਹਨਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 03.12.2020 ਅਤੇ ਠੇਕੇਦਾਰਾ ਤੋ ਮਿਤੀ 14.12.2020 ਲਈ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 06.01.21 ਲਈ ਮੰਗੇ ਗਏ, ਪੰਰਤੂ ਕਿਸੇ ਸੁਸਾਈਟੀ ਵੱਲੋਂ ਹਿੱਸਾ ਨਹੀ ਲਿਆ ਗਿਆ। ਮੁੜ ਤੋ ਇਸ ਕੰਮ ਦੇ ਟੈਂਡਰ ਠੇਕੇਦਾਰਾਂ ਤੋ ਮਿਤੀ 19.1.2021 ਰਾਹੀਂ ਮੰਗੇ ਗਏ, ਪ੍ਰਾਪਤ ਹੋਏ ਟੈਂਡਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜ਼ੋ ਕਿ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ **ਤੁਲਨਾਤਮਕ ਸੂਚੀ ਬਣਾਉਣ ਤੇ ਵੱਖ-ਵੱਖ ਅਜੰਸੀਆਂ ਵੱਲੋਂ ਹਿੱਸਾ ਲਿਆ ਗਿਆ ਅਤੇ ਉਹਨਾ ਵੱਲੋਂ ਕੋਟ ਕੀਤੇ ਗਏ ਰੇਟਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ**:-

| S. No. | Ward No | Name of works | Revised Est.Amt | Name of Agency | Saving | Tender Amount | New H/Reso dt 01.12.2020 | Attempt | No. of Bid Received |
|---|---|---|---|---|---|---|---|---|---|
| 1 | G | Repair and maintenance of excisting broken Slab of Partap Bagh disposal Zone 1 | 244110/- | M/s Vijay kalia Contractor | 4.30% | 233613/- | 75(1) | 2 | 2 |
| 2 | 20 | Construction of Road Gullies from Guru Nanak Mission chowk to Improvement Trust and nr Doaba Hospital | 566518/- | M/s Dinesh Kumar Contractor | 6.84% | 527768/- | 75(2) | 2 | 5 |
| 3 | 20 | Laying of 8 inch dia Sewerline from Mamas Pride School to Lions Club Lajpat Nagar | 431490/- | M/s Dinesh Kumar Contractor | 6.84% | 401976/- | 75(5) | 2 | 5 |

ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਇਸ ਲਈ ਉਪਰੋਕਤ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ। ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 29.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.2.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.2.2021

ਮਤਾ ਨੰ: 46

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਵਾਰਡਾਂ ਵਿੱਚ ਸੀਵਰੇਜ਼ ਦੇ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਓ.ਐਂਡ.ਐਮ ਸ਼ਾਖਾ ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕੀਆਂ ਨਾਲ ਸਬੰਧਤ ਸੀਵਰੇਜ਼ ਦੇ ਤਖਮੀਨੇ ਇਲਾਕਾ ਕੌਂਸਲਰ ਵੱਲੋਂ ਅਪਣੇ ਵੱਖ-ਵੱਖ ਪੱਤਰਾਂ ਰਾਹੀਂ ਮਾਨਯੋਗ ਮੇਅਰ ਜੀ ਨੂੰ ਬੇਨਤੀ ਕੀਤੀ ਹੈ ਕਿ ਉਹਨਾ ਦੇ ਵਾਰਡਾਂ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮਸਿਆ ਆ ਰਹੀ ਹੈ, ਜਿਸ ਕਾਰਨ ਉਥੇ ਦੇ ਵਸਨੀਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਨਾ ਕਰਨਾ ਪੈ ਰਿਹਾ ਹੈ। ਇਸ ਸਮਸਿਆ ਤੋ ਇਲਾਕਾ ਨਿਵਾਸੀਆਂ ਨੂੰ ਰਾਹਤ ਦੇਣ ਵਾਸਤੇ ਹੇਠ ਦਰਸ਼ਾਏ ਵਾਰਡਾਂ ਦੇ ਤਖਮੀਨਿਆਂ ਨੂੰ ਤਿਆਰ ਕਰਨ ਉਪਰੰਤ ਹਾਊਸ ਤੋ ਪ੍ਰਵਾਨਗੀ ਲਈ ਗਈ ਸੀ, ਪਰੰਤੂ ਇਥੇ ਇਹ ਦਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਹਨਾਂ ਤਖਮੀਨੀਆਂ ਨੂੰ ਰਿਵਾਇਜ਼ ਕੀਤਾ ਗਿਆ ਸੀ, ਇਹਨਾਂ ਤਖਮੀਨਿਆਂ ਦੀ ਮੁੜ ਪ੍ਰਵਾਨਗੀ ਹੇਠ ਦਰਸ਼ਾਏ ਟੇਬਲ ਅਨੁਸਾਰ ਦਿੱਤੀ ਗਈ ਹੈ।

ਇਹਨਾਂ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 07.12.2020 ਅਤੇ ਠੇਕੇਦਾਰਾਂ ਤੋ ਮਿਤੀ 21.12.2020 ਰਾਹੀਂ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਦੂਸਰੀ ਇਸ ਕੰਮ ਦੇ ਟੈਂਡਰ ਈ-ਟੈਂਡਰ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 14.1.2021, ਕੇਵਲ 1 ਬਿੱਡ ਹੀ ਪ੍ਰਾਪਤ ਹੋਈ, ਜ਼ੋ ਕਿ ਤਕਨੀਕੀ ਪੱਖੋ ਮਿਆਰ ਤੇ ਪੂਰੇ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀਆਂ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਪ੍ਰਾਪਤ ਹੋਏ ਟੈਂਡਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| S. No. | Ward No | Name of works | Revised Est.Amt | Name of Agency | Saving | Tender Amount | New H/Reso dt 01.12.2020 | Attempt | No. of Bid Received |
|---|---|---|---|---|---|---|---|---|---|
| 1 | 15 | Providing and Laying of 8 Inch dia Sewerline near Shamshaan Ghat BSF Chowk | 2,33,932 | M/s Guru Nanak Pura L/c co-op society | 0.10% | 2,33,698 | 76 | 2 | 1 |
| 2 | 51 | Providing and Laying of 8 inch dia Sewerline at Bhatia Cabel wali Gali Chahar Bagh | 3,44,374 | M/s Guru Nanak Pura L/c co | 0.10% | 3,44,030 | | 2 | 1 |
| 3 | 60 | Providing and Laying of Sewerline at Basti Bhure Khan | 5,02,528 | M/s Guru Nanak Pura L/c co | 0.10% | 5,02,025 | | 2 | 1 |
| 4 | 6 | Providing and Laying of Sewerline at Bawa Ji Mohalla and Christian Mohalla (anti) Ward 6 | 8,19,077 | M/s Guru Nanak Pura L/c co | 0.10% | 8,18,257 | 86(2) | 2 | 1 |

ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਇਸ ਲਈ ਉਪਰੋਕਤ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 29.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.2.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਕਿਉਂ ਜ਼ੋ ਠੇਕੇਦਾਰਾਂ ਵਲੋਂ ਇਹਨਾਂ ਕੰਮਾਂ ਲਈ ਸੇਵਿੰਗ ਬਹੁਤ ਘੱਟ ਦਿੱਤੀ ਗਈ ਹੈ, ਇਸ ਲਈ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ਅਤੇ ਐਸ.ਈ.(ਓ ਐਂਡ ਐਮ) ਸਬੰਧਤ ਠੇਕੇਦਾਰਾਂ ਨਾਲ ਨੈਗੋਸ਼ਿਏਸ਼ਨ ਕਰਕੇ ਅਗਲੀ ਮੀਟਿੰਗ ਵਿੱਚ ਰਿਪੋਰਟ ਪੇਸ਼ ਕਰਨਗੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.2.2021

ਮਤਾ ਨੰ: 47

ਵਿਸ਼ਾ:- **ਬਸਤੀ ਸ਼ੇਖ ਵਿਖੇ ਹੈਡ ਬੋਰ ਟਿਉਬਵੈਲ ਲਗਾਉਣ ਬਾਰੇ। ਵਾਰਡ ਨੰ: 44 (ਈ-ਟੈਂਡਰ ਪ੍ਰਵਾਨਗੀ ਹਿੱਤ)**

| | |
|---|---|
| ਤਖਮੀਨਾ | ਰੁਪਏ: 12,03,099/- |
| ਰਿਵਾਇਜ਼ ਤਖਮੀਨਾ | ਰੁਪਏ 12,90,792/- (ਨਵੇ ਸੀ.ਐਸ.ਆਰ ਅਨੁਸਾਰ) |
| ਕੁੱਲ ਪ੍ਰਾਪਤ ਵੈਲਿਡ ਟੈਂਡਰ | 3 (ਪਹਿਲੀ ਬਾਰੀ) (ਰੁਪਏ 66,500/- ਬਿਜਲੀ ਕੁਨੈਕਸ਼ਨ ਦੇ ਰਾਖਵੇ) |
| ਟੈਂਡਰ ਅਮਾਉਂਟ | ਰੁਪਏ: 11,86,338/- ਸੇਵਿੰਗ 3.10% |
| ਅਜੰਸੀ ਦਾ ਨਾਮ:- | ਮੈ: ਜੀ.ਕੇ ਕੋ-ਆਪ ਐਲ.ਸੀ ਸੁਸਾਈਟੀ ਲਿਮਟਿਡ |

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਡਿਪਟੀ ਮੇਅਰ ਹਰਸਿਮਰਨਜੀਤ ਸਿੰਘ (ਬੰਟੀ) ਵੱਲੋਂ ਉਹਨਾ ਦੇ ਅਧੀਨ **ਬਸਤੀ ਸ਼ੇਖ ਦੇ ਨਾਲ ਲਗੇ ਇਲਾਕੇ ਵਿੱਚ** ਪਾਣੀ ਦੀ ਸਪਲਾਈ ਬਹੁਤ ਘੱਟ ਹੈ, ਜਿਸ ਕਾਰਨ ਲੋਕਾਂ ਨੂੰ ਪਾਣੀ ਦੀ ਸਪਲਾਈ ਪੂਰੀ ਤਰ੍ਹਾਂ ਨਹੀ ਮਿਲ ਪਾ ਰਹੀ। ਇਸ ਲਈ ਇਲਾਕਾ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਪੂਰੀ ਤਰ੍ਹਾਂ ਦੇਣ ਵਾਸਤੇ ਇਸ ਕੰਮ ਦਾ ਤਖਮੀਨਾ ਰੁਪਏ 12,24,292/- ਦਾ ਤਿਆਰ ਕੀਤਾ ਗਿਆ। ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਉਸ ਦੇ ਮਤਾ ਨੰ: 147(8) ਮਿਤੀ 24.12.19 ਰਾਹੀਂ ਦਿੱਤੀ। ਇਥੇ ਇਹ ਦਸਣਯੋਗ ਹੈ ਕਿ ਮਿਤੀ 24.11.2020 ਨੂੰ ਨਵਾ ਸੀ.ਐਸ.ਆਰ ਲਾਗੂ ਹੋਣ ਕਾਰਨ ਇਸ ਤਖਮੀਨੇ ਨੂੰ ਰਿਵਾਇਜ਼ ਕਰਨ ਉਪਰੰਤ ਤਖਮੀਨਾ ਰੁਪਏ 12,90,792/- ਦਾ ਤਿਆਰ ਕੀਤਾ ਗਿਆ, ਜਿਸ ਕਾਰਨ ਇਸ ਕੰਮ ਦੇ ਤਖਮੀਨ ਦੀ ਮੁੜ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਵੱਲੋਂ ਮਿਤੀ 15.09.2020 ਰਾਹੀਂ ਲੈਣ ਉਪਰੰਤ ਇਸ ਕੰਮ ਦੇ ਟੈਂਡਰ ਮੰਗੇ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਸੁਸਾਈਟੀ ਤੋ ਮਿਤੀ 20.10.2020 ਰਾਹੀਂ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀਆਂ ਤਕਨੀਕੀ ਬਿਡਾਂ ਟੈਕਨੀਕਲ ਇਵੈਲੁਏਸ਼ਨ ਟੀਮ ਵੱਲੋਂ ਘੋਖੀਆਂ ਗਈਆਂ, ਘੋਖਣ ਉਪਰੰਤ ਤਕਨੀਕੀ ਬਿਡਾਂ ਮਿਆਰ ਤੇ ਪੂਰੀਆਂ ਹੋਣ ਕਾਰਨ ਇਹਨਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਤੇ ਉਪਰੋਕਤ ਅਜੰਸੀ ਦਾ ਰੇਟ ਸਬ ਤੋ ਘੱਟ ਪਾਇਆ ਗਿਆ। ਨਗਰ ਨਿਗਮ ਵੱਲੋਂ ਇਸ ਕੰਮ ਟੈਂਡਰ ਦੇ ਤਖਮੀਨਾ ਰੁਪਏ 12,90,792/- ਵਿੱਚੋ ਰੁਪਏ 66,500/- ਬਿੱਜਲੀ ਕੁਨੈਕਸ਼ਨ ਦੇ ਰੱਾਖਵੇ ਰੱਖ ਕੇ ਬਾਕੀ ਬੱਚਦੀ ਰਕਮ ਰੁਪਏ 12,24,292/- ਦੇ ਦੇ ਟੈਂਡਰ ਮੰਗੇ ਗਏ ਸਨ। ਅਜੰਸੀ ਵੱਲੋਂ ਤਖਮੀਨਾ ਰੁਪਏ 12,24,292/- ਦੇ ਵਿਰੁੱਧ 3.10% ਦੀ ਸੇਵਿੰਗ ਨਾਲ ਰੁਪਏ 11,86,338/- ਵਿੱਚ ਕੰਮ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ।

ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 29.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.2.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.2.2021

**ਮਤਾ ਨੰ: 48**

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਸਕੈਂਡਰੀ ਡੰਪਾਂ ਤੋਂ ਕੂੜਾ ਚੁੱਕਣ ਲਈ 6 ਟਿੱਪਰ ਅਤੇ 2 ਜੇ.ਸੀ.ਬੀ ਮਸ਼ੀਨਾਂ ਟਿਪਿੰਗ ਫੀਸ ਰਾਹੀਂ ਇੱਕ ਸਾਲ ਲਈ ਕਿਰਾਏ ਤੇ ਲੈਣ ਸਬੰਧੀ ਟੈਂਡਰ ਦੀ ਵਿੱਤੀ ਪ੍ਰਵਾਨਗੀ ਲੈਣ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

| | | |
|---|---|---|
| ਕੰਮ ਦਾ ਤਖਮੀਨਾ ਰੁਪਏ | 1,85,79,960/- | ਵੈਟਡ ਤਖਮੀਨਾ ਰੁਪਏ 170 ਲੱਖ |
| ਟੈਂਡਰ ਅਮਾਉਂਟ ਰੁਪਏ | 1,22,38,300/- | ਸੇਵਿੰਗ 28.01% |
| ਪ੍ਰਾਪਤ ਟੈਂਡਰ | 2 (ਚੌਥੀ ਬਾਰੀ) | |
| ਅਜੰਸੀ ਦਾ ਨਾਮ | ਮੈਸ: ਗੋਰਵ ਗੁਪਤਾ, ਕੰਟਰੈਕਟਰ | |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ ਓ.ਐਂਡ.ਐਮ ਸ਼ਾਖਾ ਕਿ ਉਪਰੋਕਤ ਵਿਸ਼ੇ ਅਧੀਨ ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਸਕੈਂਡਰੀ ਡੰਪਾਂ ਤੋਂ ਕੂੜਾ ਚੁੱਕਣ ਲਈ 6 ਟਿਪਰ ਅਤੇ 2 ਜੇ.ਸੀ.ਬੀ ਮਸ਼ੀਨਾਂ ਟਿਪਿੰਗ ਫੀਸ ਰਾਹੀਂ ਇੱਕ ਸਾਲ ਲਈ ਕਿਰਾਏ ਤੇ ਲੈਣ ਤਖਮੀਨਾ ਰੁਪਏ 1,85,79,960/- ਦਾ ਹੈਲਥ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਇਨ ਐਂਟੀਸੀਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਵਲੋਂ ਆਪਣੇ ਹੁਕਮ ਮਿਤੀ 14-07-2020 ਰਾਹੀਂ ਦਿੱਤੀ ਗਈ ਸੀ। ਇਸ ਤਖਮੀਨੇ ਨੂੰ ਬਾਅਦ ਵਿੱਚ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 57 ਮਿਤੀ 01-12-2020 ਰਾਹੀਂ ਪ੍ਰਵਾਨ ਕੀਤਾ ਗਿਆ। ਕਿਉਂ ਜ਼ੋ ਇਹ ਤਖਮੀਨਾ ਰੁਪਏ 1.00 ਕਰੋੜ ਤੋਂ ਵੱਧ ਦਾ ਸੀ, ਇਸ ਲਈ ਤਖਮੀਨੇ ਦੀ ਤਕਨੀਕੀ ਵੈਟਿੰਗ ਲਈ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਲਿਖਿਆ ਗਿਆ ਸੀ, ਜਿਸ ਉਪਰੰਤ ਉਨ੍ਹਾਂ ਵਲੋਂ ਪੱਤਰ ਨੰਬਰ **ਸੀ.ਈ-2020/78259** ਮਿਤੀ **27-07-2020** ਰਾਹੀਂ ਤਖਮੀਨਾ ਰੁਪਏ **1,85,79,960/-** ਦੇ ਵਿਰੁੱਧ ਰੁਪਏ **170 ਲੱਖ** ਦਾ ਵੈਟ ਕੀਤਾ ਗਿਆ ਸੀ।

ਇਸ ਉਪਰੰਤ ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 14-09-2020 ਲਈ ਮੰਗੇ ਗਏ ਸਨ ਤੇ ਕੁੱਲ 5 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਦੀਆਂ ਤਕਨੀਕੀ ਬਿਡਾਂ ਖੋਲੀਆਂ ਗਈਆ। ਟੈਕਨੀਕਲ ਇਵੈਲੂਏਸ਼ਨ ਟੀਮ ਵਲੋਂ ਇਨ੍ਹਾਂ ਨੂੰ ਘੋਖਣ ਤੇ ਪਾਇਆ ਗਿਆ ਕਿ ਇਨ੍ਹਾਂ ਟੈਂਡਰਾਂ ਵਿੱਚ ਕੇਵਲ 2 ਬਿਡਾਂ ਹੀ ਮਿਆਰ ਤੇ ਪੂਰੀਆਂ ਸਨ, ਜਿਸ ਕਾਰਨ ਸਥਾਨਕ ਸਰਕਾਰ ਦੀਆਂ ਐਸ.ਓ.ਪੀ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਇਨ੍ਹਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ। ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 15-10-2020 ਲਈ ਮੰਗੇ ਗਏ ਤੇ ਕੇਵਲ ਇੱਕ ਬਿਡ ਪ੍ਰਾਪਤ ਹੋਈ ਜ਼ੋ ਕਿ ਤਕਨੀਕੀ ਮਿਆਰ ਪਖੋਂ ਪੂਰੀ ਨਾ ਹੋਣ ਕਰਕੇ ਇਸ ਟੈਂਡਰ ਨੂੰ ਰੱਦ ਕਰਕੇ ਰੀ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ। ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 09-11-2020 ਲਈ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਚੌਥੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 20-11-2020 ਲਈ ਮੰਗੇ ਗਏ ਤੇ ਕੁੱਲ 2 ਟੈਂਡਰ ਪ੍ਰਾਪਤ ਹੋਏ ਜ਼ੋ ਕਿ ਤਕਨੀਕੀ ਮਿਆਰ ਪਖੋਂ ਪੂਰੇ ਸਨ। ਇਸ ਲਈ ਇਨ੍ਹਾਂ ਟੈਂਡਰਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਘੱਟ ਰੇਟ ਦਾ ਟੈਂਡਰ ਮੈਸ: ਗੋਰਵ ਗੁਪਤਾ, ਕੰਟਰੈਕਟਰ ਦਾ ਪ੍ਰਾਪਤ ਹੋਇਆ। ਇਸ ਠੇਕੇਦਾਰ ਵਲੋਂ ਵਿਸ਼ੇ ਅਧੀਨ ਕੰਮ ਤੇ 28.01% ਦੀ ਸੇਵਿੰਗ ਦਿੱਤੀ ਗਈ, ਜਿਸ ਅਨੁਸਾਰ ਇਹ ਕੰਮ ਵੈਟਡ ਤਖਮੀਨਾ ਰੁਪਏ 170 ਲੱਖ ਦੇ ਵਿਰੁੱਧ ਰੁਪਏ 1,22,38,300/- ਵਿੱਚ ਹੋਣਾ ਹੈ।

ਇਥੇ ਇਹ ਦੱਸਣ ਯੋਗ ਹੈ ਕਿ ਨਗਰ ਨਿਗਮ ਵੱਲੋਂ ਇਸ ਕੰਮ ਦੇ ਟੈਂਡਰ ਮੰਗਣ ਵਕਤ ਵੈਟਡ ਤਖਮੀਨਾ ਰੁਪਏ 170 ਲੱਖ ਦੀ ਬਜਾਏ ਕਲੈਰੀਕਲ ਮਿਸਟੇਕ ਨਾਲ ਰੁਪਏ 1,85,79,960/- ਦਾ ਟੈਂਡਰ ਲਗਾ ਦਿੱਤਾ ਗਿਆ ਸੀ। ਜਦੋ ਇਸ ਟੈਂਡਰ ਦੀ ਵਿੱਤੀ ਪ੍ਰਵਾਨਗੀ ਲਈ ਚੀਫ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਲਿਖਿਆ ਗਿਆ ਤਾਂ ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ **CE-2020/52740** ਮਿਤੀ **28-12-2020** ਰਾਹੀਂ ਇਹ ਸਪਸ਼ਟ ਕਰਨ ਵਾਸਤੇ ਕਿਹਾ ਗਿਆ ਕਿ ਟੈਂਡਰ ਦੀ ਵੈਟ ਕੀਤੀ ਗਈ ਰਾਸ਼ੀ ਰੁਪਏ 170 ਲੱਖ ਦੇ ਵਿਰੁੱਧ 28.01% ਸੇਵਿੰਗ ਅਨੁਸਾਰ ਰੁਪਏ 1,22,38,300/- ਬਣਦੀ ਹੈ, ਜੱਦ ਕਿ ਨਗਰ ਨਿਗਮ ਵੱਲੋਂ ਲਗਾਏ ਟੈਂਡਰ ਰੁਪਏ 1,85,79,960/- ਦੇ ਵਿਰੁੱਧ ਰੁਪਏ 1,33,75,713/- ਦੀ ਪ੍ਰਵਾਨਗੀ ਮੰਗੀ ਗਈ ਹੈ, ਇਸ ਲਈ ਇਹ ਸਪਸ਼ਟ ਕੀਤਾ ਜਾਵੇ ਕਿ ਅਜੰਸੀ ਇਹ ਕੰਮ ਕਿੰਨੀ ਰਾਸ਼ੀ ਵਿੱਚ ਮੁਕੰਮਲ ਕਰੇਗੀ।

ਇਸ ਦੇ ਸਬੰਧ ਕਾਰਵਾਈ ਕਰਦੇ ਹੋਏ ਨਗਰ ਨਿਗਮ ਵਲੋਂ ਪੱਤਰ ਨੰਬਰ **SE/796** ਮਿਤੀ 12-01-2021 ਰਾਹੀਂ ਘੱਟ ਰੇਟਾਂ ਵਾਲੇ ਠੇਕੇਦਾਰ ਗੋਰਵ ਗੁਪਤਾ ਨੂੰ ਲਿਖਿਆ ਗਿਆ ਕਿ ਕਲੈਰੀਕਲ ਮਿਸਟੇਕ ਨਾਲ ਰੁਪਏ 1,85,79,960/- ਦਾ ਟੈਂਡਰ ਲਗਾ ਦਿੱਤਾ ਗਿਆ ਸੀ, ਜੱਦ ਕਿ ਇਹ ਟੈਂਡਰ ਵੈਟਡ ਤਖਮੀਨਾ ਰੁਪਏ 170 ਲੱਖ ਦਾ ਲਗਾਇਆ ਜਾਣਾ ਸੀ, ਜਿਸ ਅਨੁਸਾਰ ਇਹ ਕੰਮ ਤੁਹਾਡੇ ਵਲੋਂ ਟੈਂਡਰ ਵਿੱਚ ਦਿੱਤੀ ਗਈ ਸੇਵਿੰਗ 28.01% ਨਾਲ ਵੈਟਡ ਤਖਮੀਨਾ ਰੁਪਏ 170 ਲੱਖ ਦੇ ਵਿਰੁੱਧ ਰੁਪਏ 1,22,38,300/- ਵਿੱਚ ਕੀਤਾ ਜਾਣਾ ਹੈ ਨਾ ਕਿ ਰੁਪਏ 1,85,79,960/- ਦੇ ਵਿਰੁੱਧ ਰੁਪਏ 1,33,75,713/- ਵਿੱਚ। ਇਸ ਲਈ ਇਹ ਲਿਖਤੀ ਰੂਪ ਵਿੱਚ ਦਿੱਤਾ ਜਾਵੇ ਕਿ ਤੁਸੀ ਇਹ ਕੰਮ ਰੁਪਏ 1,22,38,300/- ਵਿੱਚ ਕਰਨ ਨੂੰ ਤਿਆਰ ਹੋ ਜਾਂ ਨਹੀਂ। ਇਸ ਦੇ ਸਬੰਧ ਵਿੱਚ ਠੇਕੇਦਾਰ ਵਲੋਂ ਆਪਣੇ ਪੱਤਰ ਮਿਤੀ 12-01-2021 ਰਾਹੀਂ ਲਿਖ ਕੇ ਦਿੱਤਾ ਗਿਆ ਕਿ ਉਹ ਵਿਸ਼ੇ ਅਧੀਨ ਕੰਮ ਰੁਪਏ 1,22,38,300/- ਵਿੱਚ ਕਰਨ ਨੂੰ ਤਿਆਰ ਹੈ। ਇਸ ਉਪਰੰਤ ਨਗਰ ਨਿਗਮ ਵਲੋਂ ਪੱਤਰ ਨੰਬਰ **526/CE/WS/G** ਮਿਤੀ 13-01-2021 ਰਾਹੀਂ ਚੀਫ ਇੰਜੀਨਅਰ, ਸਥਾਨਕ ਸਰਕਾਰ ਵਿਭਾਗ ਜੀ ਨੂੰ ਸਪਸ਼ਟ ਕੀਤਾ ਗਿਆ ਕਿ ਠੇਕੇਦਾਰ ਇਹ ਕੰਮ ਰੁਪਏ 1,22,38,300/- ਵਿੱਚ ਕਰਨ ਨੂੰ ਤਿਆਰ ਹੈ, ਇਸ ਲਈ ਕੰਮ ਦੇ ਪ੍ਰਾਪਤ ਹੋਏ ਟੈਂਡਰ ਦੀ ਵਿੱਤੀ ਪ੍ਰਵਾਨਗੀ ਦਿੱਤੀ ਜਾਵੇ, ਜਿਸ ਉਪਰੰਤ ਉਨ੍ਹਾਂ ਵਲੋਂ ਆਪਣੇ ਪੱਤਰ ਨੰਬਰ **CE-2021/1835** ਮਿਤੀ **15-01-2021** ਰਾਹੀਂ ਇਸ ਟੈਂਡਰ ਦੀ ਵਿੱਤੀ ਪ੍ਰਵਾਨਗੀ ਦਿੱਤੀ ਗਈ।

ਕਿਉਂ ਜ਼ੋ ਹੁਣ ਇਸ ਕੰਮ ਲਈ ਪ੍ਰਾਪਤ ਹੋਏ ਟੈਂਡਰ ਦੀ ਅੰਤਿਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਤੋਂ ਲੋੜੀਂਦੀ ਹੈ, ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇਸ ਟੈਂਡਰ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ/ ਫੈਸਲੇ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 29.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.2.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.2.2021

ਇਸ ਉਪਰੰਤ ਕਮੇਟੀ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ ਮੱਦ ਨੰ: 49 ਤੋਂ 51 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.2.2021

ਮਤਾ ਨੰ: 49
ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

ਪੜ੍ਹਿਆ ਨੋਟ ਡਰਾਫਟਸਮੈਨ, ਟੈਂਡਰ ਸੈਲ, ਬੀ. ਐਂਡ ਆਰ. ਜਿਸ ਨਾਲ ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ' ਸ਼ਿਫਾਰਸ਼ ਕੀਤੀ ਹੈ ਕਿ ਬੀ. ਐਂਡ ਆਰ. ਸ਼ਾਖਾ ਦੇ ਵਿਕਾਸ ਦੇ ਕੰਮਾਂ ਦੇ ਜੋ ਟੈਂਡਰ ਲਗਾਏ ਗਏ ਸਨ ਉਹਨਾਂ ਵਿੱਚੋਂ ਹੇਠ ਲਿਖੇ ਅਨੁਸਾਰ ਟੈਂਡਰ ਪ੍ਰਾਪਤ ਕੀਤੇ ਗਏ ਹਨ:-

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received |
|---|---|---|---|---|---|---|---|---|---|
| **Urban Environment Improvement Program-II** | | | | | | | | | |
| 1. | G | Const. of lanes in interlocking tiles Nangal Krar Khan | 104.08 | 104.08 | 29.70 | 73.17 | Rai Constructions | 1 | 4 |
| 2. | G | Laying of BMPC in Village Sansarpur in New Defence Colony and Sainik Avenue | 90.46 | 90.46 | 3.08 | 87.67 | Satish Aggarwal & Co. | 2 | 3 |
| 3. | G | Const. of streets of Army Enclave in Village Dhina with premix carpet | 61.71 | 61.71 | 3.08 | 59.81 | Satish Aggarwal & Co. | 2 | 1 |
| 4. | G | Laying of premix carpet on streets of Officer Enclave in Sofi Pind | 70.06 | 70.06 | 3.08 | 67.90 | Satish Aggarwal & Co. | 2 | 2 |
| 5. | G | Const. of Streets of Village Nangal Krar Khan in interlocking tiles | 54.09 | 54.09 | 14.65 | 46.17 | Nikhil Enterprises | 1 | 4 |
| 6. | 19 | P/L of RMC in branch street opp. Geeta Mandir Central Town | 53.59 | 53.59 | 21.15 | 42.26 | Moga Co.op L/C Society | 1 | 5 |
| 7. | 43 | P/L of 60mm thick interlocking tiles and cement concrete streets of Guru Nanak Nagar | 62.36 | 62.36 | 13.14 | 54.17 | Jaswinderjit Singh | 1 | 5 |

ਉਪਰੋਕਤ ਦਰਸਾਏ ਵਿਕਾਸ ਦੇ ਕੰਮ ਪੰਜਾਬ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ ਅਧੀਨ ਕਰਵਾਏ ਜਾਣੇ ਹਨ। ਇਹਨਾਂ ਕੰਮਾਂ ਦੇ ਤਖਮੀਨਿਆਂ ਦੀ ਮਾਨਯੋਗ ਮੇਅਰ ਜੀ ਵਲੋਂ ਵੱਖ-ਵੱਖ ਮਿਤੀਆਂ ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੋਈ ਹੈ। ਇਹਨਾਂ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਲੋੜੀਂਦੀ ਹੈ। ਇਸ ਲਈ ਲੋਕ ਹਿੱਤ ਵਿੱਚ ਇਹਨਾਂ ਵਿਕਾਸ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਆਦੇਸ਼ ਰਾਹੀਂ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਖੇ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.2.2021

ਮਤਾ ਨੰ:50

ਵਿਸ਼ਾ : ਪ੍ਰੋ/ਲੇਇੰਗ ਡਬਲਯੂ, ਬੀ.ਐਮ. ਐਂਡ ਪੀ.ਸੀ. ਆਨ ਰੋਡ ਇਨ ਕਾਲੀਆਂ ਕਲੋਨੀ ਫੇਸ-2 ਜੀ.ਏ.ਡੀ. ਨਗਰ, ਸਲੇਮਪੁਰ ਮੁਸਲਮਾਨਾ, ਨਿਊ ਜੀ.ਏ.ਡੀ. ਨਗਰ ਐਂਡ ਐਡਜੁਇਨਿੰਗ ਕਨਾਲ ਨਿਅਰ ਕਾਲੀਆ ਕਲੋਨੀ।

ਤਖਮੀਨਾ ਰਕਮ ਰੁ : 1,21,94,000/- ਟੈਂਡਰ ਰਕਮ ਰੁ : 1,35,35,340/-
ਠੇਕੇਦਾਰ/ਫਰਮ : ਸ਼੍ਰੀ ਰਾਜੀਵ ਕੁਮਾਰ ਅਗਰਵਾਲ ਸੇਵਿੰਗ : +8.75%

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਵਿਸ਼ੇ ਸਬੰਧੀ ਕੰਮ ਬਾਰੇ ਰਿਪੋਰਟ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਜਲੰਧਰ ਵੱਲੋਂ ਸਬਧੰਤ ਕੰਮ ਲਈ ਸੀ.ਐਸ.ਆਰ-2010 ਰੇਟਾਂ ਅਨੁਸਾਰ ਤਿਆਰ ਕੀਤੇ ਗਏ ਤਖਮੀਨੇ ਦੇ ਆਧਾਰ ਤੇ ਐਨ.ਆਈ.ਟੀ. ਨੰਬਰ 822 ਮਿਤੀ: 12.11.2020 ਰਾਹੀ ਟੈਂਡਰ ਛੇਵੀ ਵਾਰ ਮੰਗੇ ਗਏ ਸਨ ਅਤੇ ਕੇਵਲ 1 ਟੈਂਡਰ ਸ਼੍ਰੀ ਰਾਜੀਵ ਕੁਮਾਰ ਅਗਰਵਾਲ ਦਾ ਪ੍ਰਾਪਤ ਹੋਇਆ ਹੈ, ਜੋ ਕਿ (+11.00%) ਦੇ ਸੇਵਿੰਗ ਤੇ ਭਰਿਆ ਗਿਆ ਸੀ।ਇਸ ਕੰਮ ਦੀ ਤੁਲਨਾਤਮਕ ਸੂਚੀ ਵੈਟ ਕਰਨ ਦੇ ਲਈ ਮੁੱਖ ਇੰਜੀਨੀਅਰ, ਚੰਡੀਗੜ੍ਹ ਜੀ ਨੂੰ ਇਸ ਦਫਤਰ ਦੇ ਪੱਤਰ ਨੰ: ਐਸ.ਈ (ਬੀ.ਐਂਡ.ਆਰ)-566 ਮਿਤੀ : 06.01.2021 ਰਾਹੀ ਲਿਖਿਆ ਗਿਆ ਅਤੇ ਉਹਨਾਂ ਵੱਲੋਂ ਆਪਣੇ ਦਫਤਰ ਦੇ ਪੱਤਰ ਨੰ: ਸੀ.ਈ-2021/1758 ਮਿਤੀ : 15.01.2021 ਰਾਹੀ ਸਬਧੰਤ ਕੰਮ ਦੀ ਤੁਲਨਾਤਮਕ ਸੂਚੀ ਨੂੰ (+11.00%) ਵੈਟ ਕੀਤਾ ਗਿਆ ਹੈ।ਇਸ ਉਪਰੰਤ ਸ਼੍ਰੀ ਰਾਜੀਵ ਕੁਮਾਰ ਅਗਰਵਾਲ ਨੂੰ ਸਬੰਧਤ ਕੰਮ ਵਾਸਤੇ (+11.00%) ਭਰੀ ਗਈ ਸੇਵਿੰਗ ਲਈ ਇਸ ਦਫਤਰ ਦੇ ਪੱਤਰ ਨੰ : ਐਸ.ਈ. (ਬੀ.ਐਂਡ.ਆਰ) -573 ਮਿਤੀ: 21.01.2021 ਰਾਹੀ ਨੈਗੋਸਿਏਸ਼ਨ ਕਰਨ ਦੇ ਲਈ ਲਿਖਿਆ ਗਿਆ।ਇਸ ਪੱਤਰ ਦੇ ਜਵਾਬ ਵਿੱਚ ਮਿਤੀ : 21.01.2021 ਨੂੰ ਹੀ ਉਕਤ ਠੇਕੇਦਾਰ ਵੱਲੋਂ ਕੰਮ ਲਈ ਭਰੀ ਗਈ (+11.00%) ਸੇਵਿੰਗ ਨੂੰ ਘਟਾਉਦੇ ਹੋਏ (+8.75%) ਕਰ ਕੇ ਕੰਮ ਕਰਨ ਦੀ ਸਹਿਮਤੀ ਦਿੱਤੀ ਗਈ ਹੈ।

ਇਥੇ ਇਹ ਵੀ ਦੱਸਣਯੋਗ ਹੈ ਕਿ ਸੀ.ਐਸ.ਆਰ-2020 ਦੇ ਰੇਟਾਂ ਦੇ ਹਿਸਾਬ ਨਾਲ (+8.75%) ਦੀ ਟੈਂਡਰ ਅਮਾਉਂਟ ਨਵੇ ਰੇਟਾਂ ਤੋਂ ਲਗਭਗ (-0.55%) ਬਨਦੀ ਹੈ।ਇਸ ਲਈ ਇਸ ਕੰਮ ਨੂੰ ਸ਼੍ਰੀ ਰਾਜੀਵ ਕੁਮਾਰ ਅਗਰਵਾਲ ਨੂੰ ਅਲਾਟ ਕਰਨ ਸਬੰਧੀ ਫੈਸਲਾ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 5.2.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 5.2.2021 ਨਾਲ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਸ ਟੈਂਡਰ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਪ੍ਰਵਾਨਤ ਤਖਮੀਨੇ ਦੀ ਰਾਸ਼ੀ ਤੱਕ ਦਾ ਹੀ ਕੰਮ ਕਰਵਾਇਆ ਜਾਵੇ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
5.2.2021

ਮਤਾ ਨੰ:51

ਵਿਸ਼ਾ :- ਕੰਸਟਰਕਸ਼ਨ ਆਫ ਆਰ.ਸੀ.ਸੀ. ਰੋਡ ਫਰਾਮ ਅੱਡਾ ਹੁਸ਼ਿਆਰਪੁਰ ਚੌਂਕ ਟੂ ਰੇਲਵੇ ਸਟੇਸ਼ਨ (ਸਰਕੂਲਰ ਰੋਡ)

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਅੱਡਾ ਹੁਸ਼ਿਆਰਪੁਰ ਤੋਂ ਰੇਲਵੇ ਸਟੇਸ਼ਨ ਤੱਕ ਆਰ.ਸੀ.ਸੀ. ਰੋਡ ਬਣਾਇਆ ਜਾ ਰਿਹਾ ਹੈ। ਇਹ ਕੰਮ ਵਰਕ ਆਰਡਰ ਨੰ: ਸੀ.ਈ.ਐਨ/80 ਮਿਤੀ : 13.07.2020 ਰਾਹੀਂ ਮੈਸ: ਸੇਠੀ ਇੰਟਰਪ੍ਰਾਈਜ਼ਜ਼ ਨੂੰ ਅਲਾਟ ਕੀਤਾ ਗਿਆ ਹੈ। ਵਾਰਡ ਨੰ: 55 ਦੀ ਕੌਂਸਲਰ ਸ਼੍ਰੀਮਤੀ ਵੰਦਨਾਂ ਭੁੱਲਰ ਵੱਲੋ ਦਰਖਾਸਤ਼ ਦਿੱਤੀ ਹੈ ਕਿ ਇਸ ਕੰਮ ਵਿੱਚੋ ਦਮੋਰੀਆਂ ਪੁੱਲ ਥੱਲੇ ਅਤੇ ਐਮ.ਬੀ.ਡੀ. ਵਾਲੀ ਗਲੀ ਬਣਾ ਦਿੱਤੀ ਜਾਵੇ ਅਤੇ ਰੋਡ ਗਲੀਆਂ ਰੇਲਵੇ ਸਟੇਸ਼ਨ ਤੋਂ ਲੈ ਕੇ ਸੰਤ ਸਿਨੇਮਾ ਤੱਕ ਬਣਾ ਦਿੱਤੀਆਂ ਜਾਣ। ਮਾਣਯੋਗ ਐਮ.ਐਲ.ਏ (ਹਲਕਾ ਨੋਰਥ) ਵੱਲੋ ਵੀ ਇਹ ਕੰਮ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਮਾਣਯੋਗ ਹਾਊਸ ਵੱਲੋ ਮਤਾ ਨੰ: 80(03) ਮਿਤੀ : 29.11.2019 ਰਾਹੀ 165.83 ਲੱਖ ਦਾ ਪਾਸ ਸੀ। ਇੰਜੀਨੀਅਰ ਇਨ-ਚੀਫ ਵੱਲੋ ਦਿਸ਼ਾ ਨਿਰਦੇਸ਼ ਦੇਣ ਉਪਰੰਤ ਇਸ ਕੰਮ ਦਾ ਡਿਜਾਇਨ ਡਾ.ਬੀ.ਆਰ. ਅੰਬੇਦਕਰ ਐਨ.ਆਈ.ਟੀ. ਜਲੰਧਰ ਤੋਂ ਕਰਵਾਇਆ ਗਿਆ, ਜਿਸ ਨੂੰ ਇੰਜੀਨੀਅਰ ਇਨ-ਚੀਫ ਵੱਲੋ ਦੁਬਾਰਾ ਵੈਟ 201.12 ਲੱਖ ਰੁਪਏ ਦਾ ਕੀਤਾ ਗਿਆ ਜ਼ੋ ਕਿ ਪਹਿਲਾ ਪਾਸ ਕੀਤੇ ਗਏ ਤਖਮੀਨੇ ਦੀ ਰਕਮ ਤੋਂ 21.30% ਵੱਧ ਹੈ, ਜਿਸਨੂੰ ਮਾਣਯੋਗ ਹਾਊਸ ਵੱਲੋ ਮਤਾ ਨੰ: 19 ਮਿਤੀ : 17.11.2020 ਰਾਹੀ ਸੋਧੇ ਹੋਏ ਤਖਮੀਨੇ 201.12 ਲੱਖ ਰੁਪਏ ਦੀ ਅੰਤਿਮ ਪ੍ਰਵਾਨਗੀ ਦਿੱਤੀ ਹੈ ਅਤੇ ਵਿੱਤ ਅਤੇ ਠੇਕਾ ਕਮੇਟੀ ਵੱਲੋ ਮਤਾ ਨੰ: 106 ਮਿਤੀ : 06.07.2020 ਰਾਹੀਂ ਇਸ ਕੰਮ ਦੀ ਪ੍ਰਵਾਨਗੀ ਦਿੱਤੀ ਹੈ। ਇਸ ਕੰਮ ਨੂੰ ਕਰਵਾਉਣ ਲਈ ਤਖਮੀਨੇ ਨੂੰ ਹੁਣ ਰਿਵਾਇਜ਼ ਕੀਤਾ ਗਿਆ ਹੈ ਜ਼ੋ ਕਿ 201.12 ਲੱਖ ਤੋਂ ਵੱਧ ਕੇ 207.28 ਹੋ ਗਿਆ ਹੈ, ਜ਼ੋ ਕਿ ਪਹਿਲਾ ਪਾਸ ਕੀਤੇ ਗਏ ਤਖਮੀਨੇ 165.83 ਲੱਖ ਤੋਂ 25% ਵੱਧ ਹੈ। ਇਹ ਸੋਧਿਆ ਤਖਮੀਨਾ 207.28 ਲੱਖ ਵਿੱਤ ਅਤੇ ਠੇਕਾ ਕਮੇਟੀ ਵਿੱਚ ਪਾਸ ਕਰਨ ਲਈ ਵਿਚਾਰਣ ਹਿੱਤ ਪੇਸ਼ ਹੈ । ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਨੇ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 21.1.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 21.1.2021 ਨਾਲ ਇਸ ਤਜਵੀਜ ਨੂੰ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਹੈ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

5.2.2021